# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸ.ਸਿੱ)
ਪੰਜਾਬ।

ਮੀਮੋ ਨੰ. 3/1-ICT-2009/HW/Ph1/Vol-2/R053817-36
ਮਿਤੀ 01.09.2010

**ਵਿਸ਼ਾਂ: ਫੇਸ 1 ਦੇ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਟੇਨੈਂਸ ਕਰਨ ਬਾਰੇ।**

1. ਉਕਤ ਵਿਸ਼ੇ ਵੱਲ ਧਿਆਨ ਦੇਵੋ ਜੀ।

2. M/S HCL ਵੱਲੋ ਫੇਸ 1 ਦੇ ਸਕੂਲਾਂ ਵਿੱਚ ਹਾਰਡਵੇਅਰ ਸਪਲਾਈ ਕਰਨ ਅਤੇ ਮੇਨਟੇਨ ਕਰਨ ਦਾ ਠੇਕਾ 14 ਅਕਤੂਬਰ 2010 ਵਿੱਚ ਖਤਮ ਹੋ ਗਿਆ ਸੀ ।ਇਸ ਤੋ ਬਾਅਦ M/S HCL ਨਾਲ ਆਪਸੀ ਬੰਦੋਬਸਤ ਹੇਠ ਮਾਰਚ 2010 ਤੱਕ ਫੇਸ 1 ਦੀ ਮੇਟੇਨੈਂਸ ਜਾਰੀ ਰੱਖੀ ਗਈ ਸੀ।

3. ਇਸ ਦੌਰਾਨ ਨਵੇਂ ਹਾਰਡਵੇਅਰ ਮੇਨਟੈਂਸ ਸਰਵਿਸ ਪ੍ਰਵਾਈਡਰ ਦੀ ਚੋਣ ਵਿੱਚ L 1 ਬਿਡਰ ਵੱਲੋ ਵਾਰ-ਵਾਰ ਅੜਿਚਣਾ ਪੈਦਾ ਕਰਨ ਅਤੇ ਆਖਿਰ ਵਿੱਚ ਕੰਮ ਕਰਨ ਤੋ ਪਿੱਛੇ ਹਟਣ ਕਰਕੇ, ਕਾਫ਼ੀ ਸਮਾਂ ਬਰਬਾਦ ਹੋਇਆ ਹੈ। ਹਾਲ ਵਿੱਚ ਇਸ ਦਫਤਰ ਵੱਲੋ ਦੁਬਾਰਾ ਟੈਂਡਰ ਜਾਰੀ ਕੀਤਾ ਗਿਆ ਹੈ ਜਿਸ ਨੂੰ ਫਾਇਨਲ ਕਰਨ ਵਿੱਚ ਲਗ ਭਗ 2 ਤੋ 3 ਮਹੀਨੇ ਲੱਗ ਸਕਦੇ ਹਨ।

4. ਅੰਤਰਿਮ ਸਮੇਂ ਵਿੱਚ ਫੇਸ 1 ਦੇ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਨਟੈਂਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ) ਨੂੰ ਇੱਕ-ਇੱਕ ਲੱਖ ਰੁਪਏ ਭੇਜੇ ਜਾ ਰਹੇ ਹਨ। ਇਸ ਰਕਮ ਵਿੱਚੋ ਖਰਚਾ ਬਹੁਤ ਧਿਆਨਪੂਰਵਕ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ। ਇਸ ਰਕਮ ਵਿੱਚੋ ਹੇਠ ਲਿਖੇ ਹਾਰਡਵੇਅਰ ਦੀ ਮੁਰੰਮਤ ਕਰਵਾਈ ਜਾ ਸਕਦੀ ਹੈ:-

(ੳ) UPS (ਬੈਟਰੀਆਂ ਬਦਲੀ ਕਰਨ ਨੂੰ ਛੱਡਕੇ) ।

(ਅ) ਵੋਲਟੇਜ ਸਟੈਬਲਾਈਜਰਜ ।

(ੲ) ਸਰਵਰ ਕੰਪਿਊਟਰ।

(ਸ) ਕਲਾਇੰਟ ਕੰਪਿਊਟਰ ।

(ਹ) ਪ੍ਰਿੰਟਰ।

(ਕ) ਲੈਨ।

5. ਉਕਤ ਹਾਰਡਵੇਅਰ ਦੀ ਰਿਪੇਅਰ ਲਈ 1000/- ਰੁਪਏ ਤੱਕ ਦਾ ਖਰਚਾ ਬਗੈਰ ਕੋਟੇਸ਼ਨ ਲਏ ਕੀਤਾ ਜਾ ਸਕਦਾ ਹੈ। ਇਸ ਤੋ ਵੱਧ ਰਕਮ ਦੇ ਖਰਚੇ ਲਈ ਘੱਟ ਤੋ ਘੱਟ ਤਿੰਨ ਡੀਲ਼ਰਾਂ ਤੋ ਕੋਟੇਸ਼ਨ ਲੈਣੀਆ ਜਰੂਰੀ ਹੋਣਗੀਆ ਅਤੇ ਨਿਰਧਾਰਤ ਵਿਧੀ ਅਨੁਸਾਰ ਰਿਪੇਅਰ ਲਈ ਡੀਲ਼ਰਾਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ।

6. ਕੁਝ ਹੋਰ ਧਿਆਨ ਰੱਖਣ ਵਾਲੀਆ ਗੱਲਾ ਹੇਠ ਪ੍ਰਕਾਰ ਹਨ:-

(ੳ) ਸਥਾਨਕ ਪੱਧਰ ਤੇ ਮੁਰੰਮਤ ਦਾ ਕੰਮ, ਚੰਗੇ ਅਤੇ ਮਸ਼ਹੂਰ ਡੀਲਰਾਂ ਰਾਹੀ ਹੀ ਕਰਵਾਇਆ ਜਾਣਾ ਚਾਹੀਦਾ ਹੈ।

(ਅ) ਖਰਚਾ ਨਿਰਧਾਰਤ ਅਤੇ ਯੋਗ ਨਿਯਮਾ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ।

(ੲ) ਇਸ ਰਕਮ ਵਿੱਚੋ UPSs ਲਈ ਬੈਟਰੀਆ ਨਹੀ ਖ੍ਰੀਦੀਆ ਜਾਣਗੀਆ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**